File No.DPISE-SPLC0MDB/240/2022-SPECIAL CELL-DPISE

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਐਸ.ਏ.ਐਸ.ਨਗਰ
# (ਸਪੈਸ਼ਲ ਸੈੱਲ)

ਸੇਵਾ ਵਿਖੇ,

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ) (ਨੋਟਿਸ ਬੋਰਡ ਰਾਹੀ),
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀ)

ਮੀਮੋ ਨੰ: ਈ 420240/2022 ਸਸ (7) 324220-22
ਮਿਤੀ: 09.12.2022

**ਵਿਸ਼ਾ:** **ਸਮੂਹ ਜਿਲਿਆਂ ਵਿਚ ਕੰਮ ਕਰਦੇ ਕਰਮਚਾਰੀਆਂ/ਰਿਟਾਇਰੀਆਂ ਦੇ ਮੈਡੀਕਲ ਐਡਵਾਂਸ ਉਪਰੰਤ ਮੈਡੀਕਲ ਬਿਲ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ:-

1.0 ਪੰਜਾਬ ਰਾਜ ਵਿਚ ਕੰਮ ਕਰਦੇ ਕਰਮਚਾਰੀਆਂ/ ਰਿਟਾਇਰੀਆਂ ਵਲੋ ਆਪਣੇ ਇਲਾਜ ਜਾਂ ਆਪਣੇ ਤੇ ਨਿਰਭਰ ਦੇ ਮੈਡੀਕਲ ਇਲਾਜ ਲਈ ਇਸ ਵਿਭਾਗ ਵਲੋ ਫਿਜਿਕਲ ਫਾਇਲਾ ਰਾਹੀਂ ਐਡਵਾਂਸ ਦੀ ਮੰਗ ਕੀਤੀ ਜਾਂਦੀ ਹੈ ਜਿਸ ਤੇ ਇਸ ਦਫਤਰ ਵਲੋ ਸਰਕਾਰ ਦੀਆਂ ਹਦਾਇਤਾ ਅਨੁਸਾਰ ਮੰਜੂਰੀ ਜਾਰੀ ਕੀਤੀ ਜਾਂਦੀ ਹੈ।

2.0 ਇਹ ਧਿਆਨ ਵਿਚ ਆਇਆ ਹੈ ਕਿ ਕਰਮਚਾਰੀਆਂ/ ਰਿਟਾਇਰੀਆਂ ਦੇ ਅਸਲ ਮੈਡੀਕਲ ਖਰਚੇ ਦੇ ਬਿਲ ਪਹਿਲਾਂ ਮੰਜੂਰ ਹੋਏ ਐਡਵਾਂਸ ਦੀ ਰਕਮ ਦੀ ਐਡਜਸਟਮੈਂਟ ਕਰਵਾਏ ਬਿਨਾਂ ਹੀ ਆਨਲਾਈਨ ਪੋਰਟਲ ਤੇ ਅਪਲੋਡ ਕਰ ਦਿੱਤੇ ਜਾਂਦੇ ਹਨ। ਜਿਸ ਨਾਲ ਕਰਮਚਾਰੀ/ਰਿਟਾਇਰੀ ਦੇ ਮੈਡੀਕਲ ਬਿਲਾਂ /ਐਡਵਾਂਸ ਦੀ ਐਡਜਸਟਮੈਂਟ ਨਹੀ ਹੋ ਸਕਦੀ ਅਤੇ ਰਿਟਾਇਰੀ/ਕਰਮਚਾਰੀ ਨੂੰ ਡਬਲ ਪੇਮੈਂਟ ਹੋ ਸਕਦੀ ਹੈ ਕਿਉ ਜੋ ਪਹਿਲਾ ਲਏ ਗਏ ਐਡਵਾਂਸ ਸਬੰਧੀ ਇੰਦਰਾਜ ਕਰਨ ਲਈ ਆਨਲਾਈਨ ਪੋਰਟਲ ਤੇ ਕੋਈ ਵੀ ਪ੍ਰੋਵੀਜਨ ਉਪਲਬਧ ਨਹੀ ਹੈ।

3.0 ਉਕਤ ਦੇ ਸਨਮੁੱਖ ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ) ਅਤੇ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਜਿਹਨਾਂ ਕੇਸਾਂ ਵਿਚ ਰਿਟਾਇਰੀ/ਕਰਮਚਾਰੀ ਵਲੋ ਵਿਭਾਗ ਤੋ ਮੈਡੀਕਲ ਐਡਵਾਂਸ ਲਿਆ ਜਾਂਦਾ ਹੈ ਉਹਨਾਂ ਰਿਟਾਇਰੀਆਂ/ਕਰਮਚਾਰੀਆਂ ਨੂੰ ਐਡਵਾਂਸ ਤੋ ਬਾਅਦ ਅਸਲ ਮੈਡੀਕਲ ਖਰਚੇ ਦੇ ਬਿਲ ਸਿਹਤ ਵਿਭਾਗ ਦੀ ਪ੍ਰਵਾਨਗੀ ਲੈਣ ਉਪਰੰਤ ਕੇਵਲ ਫਿਜਿਕਲ ਫਾਇਲਾਂ ਰਾਹੀ ਮੁੱਖ ਦਫਤਰ ਵਿਖੇ ਪਹਿਲਾ ਲਏ ਗਏ ਐਡਵਾਂਸ ਦੀ ਐਡਜਸਟਮੈਟ ਕਰਵਾਉਣ ਹਿਤ ਭੇਜੇ ਜਾਣ।

4.0 ਅਜਿਹੇ ਮੈਡੀਕਲ ਬਿਲਾਂ ਨੂੰ ਆਨਲਾਈਨ ਪੋਰਟਲ ਤੇ ਅਪਲੋਡ ਨਹੀ ਕੀਤਾ ਜਾਣਾ, ਜੇਕਰ ਕੋਈ ਅਜਿਹਾ ਕੇਸ ਪ੍ਰਾਪਤ ਹੁੰਦਾ ਹੈ ਜਾਂ ਕਰਮਚਾਰੀ/ਰਿਟਾਇਰੀ ਨੂੰ ਡਬਲ ਪੇਮੈਂਟ ਹੁੰਦੀ ਹੈ ਤਾਂ ਅਜਿਹੇ ਕੇਸਾਂ ਵਿਚ ਨਿਰੋਲ ਜਿੰਮੇਵਾਰੀ ਸਬੰਧਤ ਡੀ ਡੀ ਓ ਦੀ ਹੋਵੇਗੀ।

08-12-22
ਸਹਾਇਕ ਡਾਇਰੈਕਟਰ (ਸਪੈ. ਸੈਲ)

ਪਿੱਠ ਅੰਕਣ ਨੰ:

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਡੀ.ਪੀ.ਈ. (ਸੈਸਿ) ਨੂੰ ਮਾਨਯੋਗ ਡੀ.ਪੀ.ਆਈ.(ਸੈਸਿ) ਦੀ ਸੂਚਨਾ ਹਿਤ।
2. ਡਿਪਟੀ ਕੰਟਰੋਲਰ (ਵਿ ਤੇ ਲੇ), ਦਫਤਰ ਡੀ.ਪੀ.ਆਈ.(ਸੈਸਿ), ਪੰਜਾਬ।

08.12.22
ਸਹਾਇਕ ਡਾਇਰੈਕਟਰ (ਸਪੈ. ਸੈਲ)